Tender Heart High School, Class-V (Punjabi)

Assignment-5 — Gurpreet Kaur

## Topic- ਪਾਠ-5 " ਮਹੀਨਿਆਂ ਦੇ ਨਾਂ " (1)

ਪਿਆਰੇ ਵਿਦਿਆਰਥੀਓ, ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ ਗੁਰਪ੍ਰੀਤ ਕੌਰ, ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ-5 'ਮਹੀਨਿਆਂ ਦੇ ਨਾਂ' ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ, ਜੋ ਕਿ ਤੁਹਾਡੀ "ਸਿਰਜਨ ਪੰਜਾਬੀ ਵਿਆਕਰਣ ਅਤੇ ਲੇਖ ਰਚਨਾ-3" ਦੇ ਪੰਨਾ ਨੰਬਰ-21 'ਤੇ ਦਰਜ ਹੈ। ਇਹਨਾਂ ਵਿਸ਼ਿਆਂ ਦੀ ਵਿਸਥਾਰਪੂਰਵਕ ਜਾਣਕਾਰੀ ਤੁਹਾਨੂੰ 25 ਅਪ੍ਰੈਲ, 2022 ਨੂੰ ਭੇਜੀ ਜਾਵੇਗੀ।

ਇਸ ਲਈ ਸਾਰੇ ਵਿਦਿਆਰਥੀ ਜ਼ਰੂਰ ਹੋਕੇ ਬੈਠਣ ਅਤੇ ਪੂਰੇ ਧਿਆਨਪੂਰਵਕ ਇਸ ਵਿਸ਼ੇ ਨੂੰ ਸੁਣਨ ਅਤੇ ਸਮਝਣ ਦਾ ਯਤਨ ਕਰਨ। ਇਸ ਲਈ ਤੁਸੀਂ ਆਪਣੀਆਂ ਕਿਤਾਬਾਂ ਖੋਲ੍ਹਕੇ ਤਿਆਰ ਹੋਕੇ ਬੈਠੋ ਤਾਂ ਕਿ ਅਸੀਂ ਅੱਜ ਦਾ ਵਿਸ਼ਾ 'ਮਹੀਨਿਆਂ ਦੇ ਨਾਂ' ਸ਼ੁਰੂ ਕਰ ਸਕੀਏ। ਅੱਜ ਅਸੀਂ ਅੰਗਰੇਜ਼ੀ ਅਤੇ ਦੇਸੀ ਮਹੀਨਿਆਂ ਦੇ ਨਾਂ ਸਿੱਖਾਂਗੇ। ਜੇ ਸਾਰੇ ਤਿਆਰ ਹਨ, ਤਾਂ ਆਓ ਪੜ੍ਹੀਏ।

## ਸਾਲ ਦੇ ਬਾਰਾਂ ਅੰਗਰੇਜ਼ੀ ਮਹੀਨਿਆਂ ਦੇ ਨਾਂ

| | |
|---|---|
| ਜਨਵਰੀ | ਜੁਲਾਈ |
| ਫਰਵਰੀ | ਅਗਸਤ |
| ਮਾਰਚ | ਸਤੰਬਰ |
| ਅਪਰੈਲ | ਅਕਤੂਬਰ |
| ਮਈ | ਨਵੰਬਰ |
| ਜੂਨ | ਦਸੰਬਰ |

Topic- "ਮਹੀਨਿਆਂ ਦੇ ਨਾਂ"

Gurpreet Kaur

ਆਓ, ਹੁਣ ਚਾਰ ਰੁੱਤਾਂ ਜਿਵੇਂ ਕਿ ਸਰਦੀ, ਗਰਮੀ, ਬਰਸਾਤ ਅਤੇ ਬਸੰਤ ਦੇ ਮਹੀਨਿਆਂ ਬਾਰੇ ਜਾਣੀਏ ਕਿ ਕਿਸ ਰੁੱਤ ਵਿੱਚ ਕਿਹੜੇ- ਕਿਹੜੇ ਮਹੀਨੇ ਆਉਂਦੇ ਹਨ।

**ਗਰਮੀਆਂ ਦੇ ਮਹੀਨੇ**

ਮਈ
ਜੂਨ
ਜੁਲਾਈ

**ਸਰਦੀਆਂ ਦੇ ਮਹੀਨੇ**

ਅਕਤੂਬਰ
ਨਵੰਬਰ
ਦਸੰਬਰ
ਜਨਵਰੀ

**ਬਸੰਤ ਰੁੱਤ ਦੇ ਮਹੀਨੇ**

ਫਰਵਰੀ
ਮਾਰਚ
ਅਪਰੈਲ

**ਬਰਸਾਤ ਦੇ ਮਹੀਨੇ**

ਜੁਲਾਈ
ਅਗਸਤ
ਸਤੰਬਰ

ਵਿਦਿਆਰਥੀ, ਹੁਣ ਇਸ ਪਾਠ ਨੂੰ ਇੱਥੇ ਰੋਕਕੇ ਇਹਨਾਂ ਮਹੀਨਿਆਂ ਦੇ ਨਾਵਾਂ ਨੂੰ ਲਿਖੋ ਅਤੇ ਯਾਦ ਕਰੋ। ਆਓ, ਹੁਣ ਅਸੀਂ ਦੇਸੀ ਮਹੀਨਿਆਂ ਦੇ ਨਾਂ ਸਿੱਖਦੇ ਹਾਂ।

Tender Heart High School, Class- V (Punjabi)

Topic- "ਮਹੀਨਿਆਂ ਦੇ ਨਾਂ" Gurpreet Kaur

# ਦੇਸੀ ਮਹੀਨਿਆਂ ਦੇ ਨਾਂ

| | |
|---|---|
| ਚੇਤ | ਅੱਸੂ |
| ਵਿਸਾਖ | ਕੱਤਕ |
| ਜੇਠ | ਮੱਘਰ |
| ਹਾੜ੍ਹ | ਪੋਹ |
| ਸਾਵਣ | ਮਾਘ |
| ਭਾਦੋਂ | ਫੱਗਣ |

ਵਿਦਿਆਰਥੀਓ, ਤੁਸੀਂ ਇਹ ਦੇਸੀ ਮਹੀਨਿਆਂ ਦੇ ਨਾਂ ਕਾਪੀਆਂ ਵਿੱਚ ਲਿਖੋ ਅਤੇ ਯਾਦ ਕਰੋ। 'ਘਰ ਦੇ ਕੰਮ' ਵਿੱਚ ਤੁਸੀਂ "ਮਿਸ਼ਨ ਪੰਜਾਬੀ ਵਿਆਕਰਣ" ਦੇ ਪੰਨਾ ਨੰਬਰ- 23 'ਤੇ ਦਿੱਤਾ ਅਭਿਆਸ ਕਿਤਾਬਾਂ ਵਿੱਚ ਹੀ ਹੱਲ ਕਰੋ। ਆਪਣਾ ਅੱਜ ਦਾ ਪਾਠ ਇੱਥੇ ਖ਼ਤਮ ਹੁੰਦਾ ਹੈ।

ਧੰਨਵਾਦ।

Tender Heart High School, Class IV Punjabi

Assignment - 5

Gurpreet Kaur



## ਅਭਿਆਸ

1. ਸਾਲ ਵਿੱਚ ਕਿੰਨੇ ਮਹੀਨੇ ਹੁੰਦੇ ਹਨ ?

(ੳ) ਛੇ ◯ (ਅ) ਸੱਤ ◯ (ੲ) ਨੌਂ ◯ (ਸ) ਬਾਰਾਂ ✓

2. ਸਾਲ ਦਾ ਪੰਜਵਾਂ ਮਹੀਨਾ ਕਿਹੜਾ ਹੁੰਦਾ ਹੈ ?

(ੳ) ਮਈ ✓ (ਅ) ਜੂਨ ◯ (ੲ) ਅਪਰੈਲ ◯ (ਸ) ਜਨਵਰੀ ◯

3. ਸਾਲ ਦੇ ਆਖ਼ਰੀ ਮਹੀਨੇ ਦਾ ਨਾਂ ਦੱਸੋ।

→ ਦਸੰਬਰ

4. ਜੂਨ ਦੇ ਮਹੀਨੇ ਵਿੱਚ ਕਿਹੜੀ ਰੁੱਤ ਹੁੰਦੀ ਹੈ ?

(ੳ) ਗਰਮੀ ਦੀ ਰੁੱਤ ✓ (ੲ) ਸਰਦੀ ਦੀ ਰੁੱਤ ◯

(ਅ) ਬਰਸਾਤ ਦੀ ਰੁੱਤ ◯ (ਸ) ਬਸੰਤ ਦੀ ਰੁੱਤ ◯

5. ਤੁਹਾਡਾ ਜਨਮ-ਦਿਨ ਕਿਹੜੇ ਮਹੀਨੇ ਵਿੱਚ ਆਉਂਦਾ ਹੈ ?

→ ਦਸੰਬਰ

6. ਅੱਜ ਕੀ ਮਿਤੀ ਹੈ ?

→ ਪੱਚੀ ਅਪ੍ਰੈਲ ਦੋ ਹਜ਼ਾਰ ਬਾਈ (25 ਅਪ੍ਰੈਲ, 2022)

7. ਤੁਹਾਨੂੰ ਕਿਹੜੀ ਰੁੱਤ ਵਧੇਰੇ ਚੰਗੀ ਲੱਗਦੀ ਹੈ ?

→ ਬਸੰਤ ਰੁੱਤ

Last page - 4

Tender Heart High School, Class- V (Punjabi)

Assignment- 7 Gurpreet Kaur

Topic- ਪਾਠ-2 "ਛੋਟੇ ਹੋਣ ਵੱਡੇ ਕੰਮ" ①

ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ ਗੁਰਪ੍ਰੀਤ ਕੌਰ, ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਸਾਹਿਤ ਦੇ ਵਿਸ਼ੇ ਨਾਲ ਸੰਬੰਧਿਤ ਪਾਠ-2 "ਛੋਟੇ ਹੋਣ ਵੱਡੇ ਕੰਮ", ਜੋ ਕਿ ਤੁਹਾਡੀ ਪਾਠ- ਪੁਸਤਕ "ਕਿਰਨੀ ਪੰਜਾਬੀ ਪਾਠਮਾਲਾ" ਦੇ ਪੰਨਾ ਨੰਬਰ- 9 ਉੱਤੇ ਦਰਜ ਹੈ, ਉਸ ਬਾਰੇ ਵਿਚਾਰ- ਵਟਾਂਦਰਾ ਭਾਵ ਚਰਚਾ ਕਰਾਂਗੀ। ਇਸ ਲਈ ਸਾਰੇ ਵਿਦਿਆਰਥੀ ਆਪਣੀ ਸਾਹਿਤ ਦੀ ਕਿਤਾਬ ਖੋਲ੍ਹਕੇ ਤਿਆਰ ਹੋਕੇ ਬੈਠੋ ਤਾਂ ਕਿ ਅਸੀਂ ਪਾਠ ਪੜ੍ਹਨਾ ਸ਼ੁਰੂ ਕਰ ਸਕੀਏ। ਆਓ, ਪੜ੍ਹਦੇ ਹਾਂ।

## ਪਾਠ-2 "ਛੋਟੇ ਹੋਣ ਵੱਡੇ ਕੰਮ"

ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਨਾਂ ਸਨ - ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ। ਜ਼ੋਰਾਵਰ ਸਿੰਘ ਨੌਂ ਸਾਲਾਂ ਦਾ ਸੀ ਤੇ ਫ਼ਤਹਿ ਸਿੰਘ ਸੱਤ ਸਾਲਾਂ ਦਾ। ਦੋਵਾਂ ਨੂੰ ਸੂਬੇ ਦੀ ਕਚਹਿਰੀ ਵਿੱਚ ਲਿਆਂਦਾ ਗਿਆ। ਸੂਬੇ ਨੇ ਉਨ੍ਹਾਂ ਨੂੰ ਕਿਹਾ, "ਬਾਲਕੋ, ਮੇਰੀ ਮੰਨੋ ਤੇ ਮੁਸਲਮਾਨ ਬਣ ਜਾਓ। ਤੁਹਾਨੂੰ ਮਹਿਲਾਂ ਵਿੱਚ ਰੱਖਾਂਗਾ। ਤੁਹਾਨੂੰ ਕੋਈ ਦੁੱਖ-ਤਕਲੀਫ਼ ਨਹੀਂ ਦਿੱਤੀ ਜਾਵੇਗੀ।"

ਵਿਦਿਆਰਥੀਓ, ਇਸ ਪਾਠ ਵਿੱਚ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਭਾਵ ਬੇਟਿਆਂ ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਦੀ ਸ਼ਹੀਦੀ ਬਾਰੇ ਪੜ੍ਹਾਂਗੇ। ਇਹ ਭਾਵੇਂ ਉਮਰ ਵਿੱਚ ਛੋਟੇ ਸਨ, ਪਰ ਉਹ ਏਨਾ ਮਹਾਨ ਕੰਮ ਕਰ ਗਏ ਕਿ ਆਪਣੇ ਪਿਤਾ ਅਤੇ ਦਾਦਾ ਜੀ ਦਾ ਨਾਂ ਰੌਸ਼ਨ ਕਰ ਗਏ।


1) ਸੂਬਾ - ਗਵਰਨਰ, ਹਾਕਮ 2) ਕਚਹਿਰੀ - ਅਦਾਲਤ

3) ਸਾਹਿਬਜ਼ਾਦੇ - ਪੁੱਤਰ, ਬੇਟੇ

Tender Heart High School, Class- V (Punjabi)

Topic - Ch-2 Gurpreet Kaur





ਸੂਬੇ ਦੀ ਗੱਲ ਸੁਣ ਕੇ ਜ਼ੋਰਾਵਰ ਸਿੰਘ ਬੋਲਿਆ,"ਸਾਨੂੰ ਅਜਿਹੇ ਲਾਲਚ ਨਾ ਦੇ। ਅਸੀਂ ਮੁਸਲਮਾਨ ਨਹੀਂ ਬਣਨਾ। ਅਸੀਂ ਆਪਣੇ ਦਾਦੇ ਵਾਂਗ ਸਿਰ ਤਾਂ ਕਟਵਾ ਸਕਦੇ ਹਾਂ ਪਰ ਤੇਰੀ ਈਨ ਨਹੀਂ ਮੰਨ ਸਕਦੇ।"

ਵੱਡੇ ਵੀਰ ਦੀ ਵੰਗਾਰ ਤੋਂ ਬਾਅਦ ਫ਼ਤਹਿ ਸਿੰਘ ਬੋਲਿਆ,"ਸੂਬਿਆ, ਅਸੀਂ ਉਸ ਮਹਾਨ ਪਿਤਾ ਦੀ ਸੰਤਾਨ ਹਾਂ ਜਿਸ ਨੇ ਹਮੇਸ਼ਾ ਮਜ਼ਲੂਮਾਂ ਦੀ ਰੱਖਿਆ ਕੀਤੀ ਹੈ। ਅਸੀਂ ਉਨ੍ਹਾਂ ਵੀਰਾਂ ਦੇ ਛੋਟੇ ਵੀਰ ਹਾਂ ਜਿਨ੍ਹਾਂ ਨੇ ਜੰਗ ਵਿੱਚ ਲੜਦਿਆਂ ਸ਼ਹੀਦੀ ਤਾਂ ਪਾ ਲਈ ਪਰ ਪਿੱਠ ਨਹੀਂ ਵਿਖਾਈ।"

## ਔਖੇ ਸ਼ਬਦਾਂ ਦੇ ਅਰਥ :-

1) ਈਨ- ਹਾਰ


2) ਵੰਗਾਰ - ਚੇਤਾਵਨੀ

3) ਸੰਤਾਨ- ਔਲਾਦ

4) ਮਜ਼ਲੂਮਾਂ - ਕਮਜ਼ੋਰਾਂ

5) ਪਿੱਠ ਨਹੀਂ ਵਿਖਾਈ- ਹਾਰ ਨਹੀਂ ਮੰਨੀ

ਹੁਣ ਵਿਦਿਆਰਥੀ ਤਿੰਨ ਮਿੰਟ ਤੱਕ ਇਸ ਪਾਠ ਨੂੰ ਰੋਕਣ ਅਤੇ ਔਖੇ ਸ਼ਬਦਾਂ ਦੇ ਅਰਥ ਪੰਜਾਬੀ ਦੀਆਂ ਕਾਪੀਆਂ ਵਿੱਚ ਲਿਖਣ ਅਤੇ ਯਾਦ ਕਰਨ।



ਦੋਵਾਂ ਦੀ ਗੱਲ ਸੁਣ ਕੇ ਸੂਬਾ ਲਾਲ-ਪੀਲ਼ਾ ਹੋ ਗਿਆ। ਉਸਨੇ ਉਸੇ ਵੇਲ਼ੇ ਦੋਵਾਂ ਨੂੰ ਜਿਉਂਦੇ ਹੀ ਨੀਹਾਂ ਵਿੱਚ ਚਿਣਵਾਉਣ ਦਾ ਹੁਕਮ ਦੇ ਦਿੱਤਾ। ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਖੜ੍ਹੇ ਕਰਕੇ ਦੀਵਾਰ ਉਸਰਨ ਲੱਗੀ। ਦੋਵੇਂ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡਦੇ ਹੋਏ ਨੀਹਾਂ ਵਿੱਚ ਅਲੋਪ ਹੋ ਗਏ।

ਕਹਿੰਦੇ ਹਨ ਕਿ ਉਸੇ ਵੇਲੇ ਏਨਾ ਮੀਂਹ, ਹਨੇਰੀ, ਝੱਖੜ ਆਇਆ ਕਿ ਦੀਵਾਰ ਡਿੱਗ ਪਈ। ਸਾਹਿਬਜ਼ਾਦਿਆਂ ਦੇ ਹੱਸਦੇ ਚਿਹਰੇ ਸੂਬੇ ਨੂੰ ਨਜ਼ਰੀਂ ਪੈ ਗਏ। ਉਸ ਨੇ ਉਸੇ ਵੇਲ਼ੇ ਦੋਹਾਂ ਦੇ ਸਿਰ ਕਲਮ ਕਰਨ ਦਾ ਹੁਕਮ ਦੇ ਦਿੱਤਾ। ਇਸ ਤਰ੍ਹਾਂ ਉਹ ਦੋਵੇਂ ਛੋਟੇ ਸਾਹਿਬਜ਼ਾਦੇ ਵੱਡੇ ਕੰਮ ਕਰਕੇ ਸ਼ਹੀਦੀ ਪਾ ਗਏ।

## ਔਖੇ ਸ਼ਬਦਾਂ ਦੇ ਅਰਥ :-

1) ਲਾਲ-ਪੀਲ਼ਾ ਹੋਣਾ - ਬਹੁਤ ਗੁੱਸੇ ਵਿੱਚ ਆ ਜਾਣਾ
2) ਨੀਹਾਂ - ਨੀਂਵ, ਬੁਨਿਆਦ
3) ਦੀਵਾਰ - ਕੰਧ
4) ਛਿਪਣਾ - ਅਲੋਪ ਹੋਣਾ

ਇਸ ਪਾਠ ਨੂੰ ਦੁਬਾਰਾ ਪੜ੍ਹੋ ਅਤੇ ਸਮਝੋ। ਔਖੇ ਸ਼ਬਦਾਂ ਦੇ ਅਰਥ ਲਿਖੋ ਅਤੇ ਯਾਦ ਕਰੋ।